# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਿਤ)

**(ਸੀਕਰੇਸੀ-ਸ਼ਾਖਾ)**

ਨੰਬਰ 6945 /ਸੀਕਰੇਸੀ
ਮਿਤੀ 16/4/2018

**ਕੋਟੇਸ਼ਨਾਂ ਪ੍ਰਾਪਤ ਕਰਨ ਦੀ ਮਿਤੀ ਵਧਾਉਣ ਸਬੰਧੀ।**

ਵਿਗਿਆਪਨ ਨੰ: 2015/ਡੀਪੀਆਰ, ਮਿਤੀ **13-03-2018** ਰਾਹੀਂ ਜਵਾਬ-ਕਾਪੀਆਂ ਦੀ ਰੱਦੀ ਵੇਚਣ ਲਈ ਕੋਟੇਸ਼ਨਾਂ ਪ੍ਰਾਪਤ ਕਰਨ ਦੀ ਅੰਤਿਮ ਮਿਤੀ **26-03-2018** ਨੂੰ ਦਫ਼ਤਰੀ ਕਾਰਣਾ ਕਰਕੇ ਵਧਾ ਕੇ **23-04-2018** ਤੱਕ ਕੀਤੀ ਜਾਂਦੀ ਹੈ। ਨਿਯਮ ਅਤੇ ਸ਼ਰਤਾਂ ਪਹਿਲਾਂ ਵਾਲੀ ਹੀ ਰਹੇਗੀ।

16.4.18

**ਕੰਟਰੋਲਰ (ਪ੍ਰੀਖਿਆਵਾਂ)**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**
(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਿਤ)
**(ਸੀਕਰੇਸੀ-ਸ਼ਾਖਾ)**

ਨੰਬਰ 6946/ਸੀਕਰੇਸੀ
ਮਿਤੀ 16/4/2018

ਸਮੂਹ ਟੈਂਡਰਕਾਰ
....................................
....................................

ਵਿਸ਼ਾ:-ਜਵਾਬ-ਕਾਪੀਆਂ ਦੀ ਰੱਦੀ ਵੇਚਣ ਸਬੰਧੀ।

ਯੂਨੀਵਰਸਿਟੀ ਵੱਲੋਂ ਜਵਾਬ-ਕਾਪੀਆਂ ਦੀ ਤਕਰੀਬਨ **40,000 ਕਿੱਲੋ** ਰੱਦੀ ਵੇਚਣ ਲਈ ਸੀਲ ਬੰਦ ਲਿਫ਼ਾਫੇ ਵਿੱਚ ਕੋਟੇਸ਼ਨਾਂ ਮਿਤੀ **26-03-2018 ਸ਼ਾਮ 04:00 ਵਜੇ** ਤੱਕ ਮੰਗੀਆਂ ਗਈਆਂ ਸਨ। ਪਰ ਕੁੱਝ ਦਫ਼ਤਰੀ ਕਾਰਣਾ ਕਰਕੇ ਇਹ ਕੋਟੇਸ਼ਨਾਂ **ਕੰਟਰੋਲਰ (ਪ੍ਰੀਖਿਆਵਾਂ), ਪੰਜਾਬੀ ਯੂਨੀਵਰਸਿਟੀ, ਪਟਿਆਲਾ** ਦੇ ਦਫਤਰ ਵਿਖੇ ਮਿਤੀ **23-04-2018 ਸ਼ਾਮ 04:00 ਵਜੇ** ਤੱਕ ਰਜਿਸਟਰਡ ਡਾਕ/ਸਪੀਡ ਪੋਸਟ/ਕੋਰਿਯਰ ਰਾਹੀਂ ਹਰ ਹਾਲਤ ਵਿਚ ਪੁੱਜਦੀਆਂ ਹੋਣ। ਇਹ ਕੋਟੇਸ਼ਨਾਂ **ਕੰਟਰੋਲਰ (ਪ੍ਰੀਖਿਆਵਾਂ), ਪੰਜਾਬੀ ਯੂਨੀਵਰਸਿਟੀ, ਪਟਿਆਲਾ** ਦੇ ਨਾਮ ਤੇ ਹੋਣੀ ਚਾਹੀਦੀ ਹੈ। ਕੋਟੇਸ਼ਨਾਂ ਦੇ ਨਾਲ **100,000/- ਰੁਪਏ** (ਇਕ ਲੱਖ ਰੁਪਏ) ਦਾ ਡਿਮਾਂਡ ਡਰਾਫ਼ਟ ਜੋ ਕਿ **ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ** ਦੇ ਨਾਮ ਅਤੇ ਪਟਿਆਲਾ ਵਿਖੇ ਅਦਾਇਗੀ ਯੋਗ ਹੋਵੇ, ਬਤੌਰ ਜਮਾਨਤੀ ਰਕਮ ਅਤੇ **5,000/- ਰੁਪਏ** (ਪੰਜ ਹਜਾਰ ਰੁਪਏ) ਦਾ ਡਿਮਾਂਡ ਡਰਾਫ਼ਟ ਜੋ ਕਿ **ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ** ਦੇ ਨਾਮ ਅਤੇ ਪਟਿਆਲਾ ਵਿਖੇ ਅਦਾਇਗੀ ਯੋਗ ਹੋਵੇ, ਬਤੌਰ ਟੈਂਡਰ ਫੀਸ, ਨਾਲ ਨੱਥੀ ਕੀਤਾ ਜਾਵੇ।

ਕੋਟੇਸ਼ਨਾਂ ਮਿਤੀ **24-04-2018** ਨੂੰ ਬਾਅਦ ਦੁਪਹਿਰ **2:00** ਵਜੇ ਕੰਟਰੋਲਰ (ਪ੍ਰੀਖਿਆਵਾਂ) ਦੇ ਦਫ਼ਤਰ ਵਿਖੇ ਖੋਲ੍ਹੀਆਂ ਜਾਣਗੀਆਂ। ਰੱਦੀ ਚੁੱਕਣ ਤੋਂ ਪਹਿਲਾਂ ਫ਼ਰਮਾਂ/ਟੈਂਡਰਕਾਰਾਂ ਨੂੰ ਯੂਨੀਵਰਸਿਟੀ ਨਾਲ ਇਕਰਾਰਨਾਮਾ ਕਰਨਾ ਹੋਵੇਗਾ, ਜਿਸ ਦੀਆਂ ਸ਼ਰਤਾਂ ਇਸ ਪੱਤਰ ਦੇ ਨਾਲ ਨੱਥੀ ਪ੍ਰਫੋਰਮੇ ਤੇ ਅੰਕਿਤ ਹਨ। ਕੋਟੇਸ਼ਨ ਮਨਜ਼ੂਰ ਹੋਣ ਦੀ ਸੂਰਤ ਵਿੱਚ ਪ੍ਰਵਾਨਗੀ ਪ੍ਰਾਪਤ ਹੋਣ ਦੀ ਮਿਤੀ ਤੋਂ **10** ਦਿਨਾਂ ਦੇ ਅੰਦਰ-ਅੰਦਰ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਪੂਰੀ ਅਦਾਇਗੀ ਦੇ ਕੇ ਰੱਦੀ ਚੁੱਕਣੀ ਹੋਵੇਗੀ।

ਕੋਟੇਸ਼ਨ ਹੇਠ ਦਿਤੇ ਪ੍ਰੋਫਾਰਮੇ ਤੇ ਪਾਸਪੋਰਟ ਸਾਈਜ਼ ਦੀ ਤਸਦੀਕ ਸ਼ੁਦਾ ਫੋਟੋ ਲਗਾਉਂਦੇ ਹੋਏ, ਰਿਹਾਇਸ਼ ਦੇ ਸਬੂਤ ਅਤੇ ਪਹਿਚਾਣ ਪੱਤਰ ਦੀ ਫੋਟੋਕਾਪੀ ਸਹਿਤ ਭੇਜੀ ਜਾਵੇ। **ਅਧੂਰੀ ਕੋਟੇਸ਼ਨ ਕਿਸੇ ਵੀ ਸੂਰਤ ਵਿਚ ਸਵੀਕਾਰ ਨਹੀਂ ਕੀਤੀ ਜਾਵੇਗੀ।**

11.4.18
ਕੰਟਰੋਲਰ (ਪ੍ਰੀਖਿਆਵਾਂ)

**ਕੋਟੇਸ਼ਨਾਂ ਲਈ ਪ੍ਰੋਫਾਰਮਾ :**

ਜਵਾਬ-ਕਾਪੀਆਂ ਦੀ ਰੱਦੀ ਖ਼ੀਦਣ ਲਈ ਯੂਨੀਵਰਸਿਟੀ ਨਾਲ ਕੀਤੇ ਜਾਣ ਵਾਲੇ ਇਕਰਾਰਨਾਮੇ ਦੀਆਂ ਸ਼ਰਤਾਂ ਮੈਂ ਪੜ੍ਹ ਲਈਆਂ ਹਨ ਤੇ ਮੈਨੂੰ ਸਵੀਕਾਰ ਹਨ। ਜਵਾਬ-ਕਾਪੀਆਂ ਦੀ ਰੱਦੀ ਮੈਂ ...............ਰੁਪਏ ਪ੍ਰਤੀ ਕਿਲੋਗ੍ਰਾਮ ਦੇ ਹਿਸਾਬ ਨਾਲ ਖ਼ੀਦਣ ਦਾ ਰੇਟ ਦਿੰਦਾ ਹਾਂ। ਜਮਾਨਤੀ ਰਕਮ ਵੱਜੋਂ **100,000/- ਰੁਪਏ** ਦਾ ਡਿਮਾਂਡ ਡਰਾਫ਼ਟ ਨੰ: ......................ਮਿਤੀ ........................, ਟੈਂਡਰ ਫੀਸ ਵੱਜੋਂ **5,000/- ਰੁਪਏ** ਦਾ ਡਿਮਾਂਡ ਡਰਾਫ਼ਟ ਨੰ: ......................ਮਿਤੀ ........................,ਰਿਹਾਇਸ਼ ਦਾ ਸਬੂਤ ਅਤੇ ਪਹਿਚਾਣ ਪੱਤਰ ਦੀ ਕਾਪੀ ਵੀ ਨੱਥੀ ਹੈ।

**ਟੈਂਡਰਕਾਰ ਦੇ ਹਸਤਾਖਰ................**

**ਟੈਂਡਰਕਾਰ ਦਾ ਪੂਰਾ ਨਾਮ................**

**ਪਤਾ......................................**

**......................................**

**ਫੋਨ/ਮੋਬਾਇਲ ਨੰ..........................**

**ਗਲੀ/ਮੁਹੱਲੇ ਦੇ ਕਿਸੇ ਜਾਣਕਾਰੀ ਦੀ ਗਵਾਹੀ:**

**ਹਸਤਾਖਰ................................**

**ਪੂਰਾ ਨਾਮ................................**

**ਪਤਾ......................................**

**ਟੈਲੀਫੋਨ/ਮੋਬਾਇਲ ਨੰ....................**